Australian Government
Department of Health, Disability and Ageing



# ਥਾਵਾਂ ਤੋਂ ਲੋਕਾਂ ਵੱਲ: ਰਿਹਾਇਸ਼ੀ ਬਿਰਧ ਦੇਖਭਾਲ ਸਹੂਲਤਾਂ ਵਿੱਚ ਚੋਣ ਨੂੰ ਸ਼ਾਮਲ ਕਰਨਾ

### ਆਸਟ੍ਰੇਲੀਆਈ ਸਰਕਾਰ ਰਿਹਾਇਸ਼ੀ ਬਿਰਧ ਦੇਖਭਾਲ ਵਿੱਚ ਤਬਦੀਲੀਆਂ ਕਰ ਰਹੀ ਹੈ ਤਾਂ ਜੋ ਤੁਹਾਡੇ ਕੋਲ ਵਧੇਰੇ ਚੋਣ ਹੋਵੇ।

ਅਸੀਂ ਇੱਕ ਨਵੀਂ ਰਿਹਾਇਸ਼ੀ ਬਿਰਧ ਦੇਖਭਾਲ ਪ੍ਰਣਾਲੀ ਤਿਆਰ ਕਰ ਰਹੇ ਹਾਂ ਜੋ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਬਜ਼ੁਰਗਾਂ ਨੂੰ ਸਿੱਧੇ ਤੌਰ 'ਤੇ ਜਗ੍ਹਾ ਨਿਰਧਾਰਤ ਕਰੇਗੀ। ਜਦੋਂ ਇਹ ਨਵਾਂ Aged Care Act [ਬਜ਼ੁਰਗ ਦੇਖਭਾਲ ਕਾਨੂੰਨ] 1 ਨਵੰਬਰ 2025 ਤੋਂ ਲਾਗੂ ਹੋਵੇਗਾ, ਤਾਂ ਇਨ੍ਹਾਂ ਤਬਦੀਲੀਆਂ ਦਾ ਇਹ ਮਤਲਬ ਹੋਵੇਗਾ:

- ਜਿਨ੍ਹਾਂ ਲੋਕਾਂ ਨੂੰ ਰਿਹਾਇਸ਼ੀ ਦੇਖਭਾਲ ਦੀ ਲੋੜ ਹੈ, ਉਨ੍ਹਾਂ ਕੋਲ ਅਜਿਹਾ ਸੇਵਾ ਪ੍ਰਦਾਤਾ ਚੁਣਨ ਦੀ ਵਧੇਰੇ ਚੋਣ ਹੋਵੇਗੀ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰਦਾ ਹੋਵੇ।
- ਲੋਕਾਂ ਨੂੰ ਆਪਣੀ ਦੇਖਭਾਲ ਬਾਰੇ ਵਧੇਰੇ ਸੂਚਿਤ ਫ਼ੈਸਲੇ ਲੈਣ ਲਈ ਆਸਾਨ ਜਾਣਕਾਰੀ ਮਿਲੇਗੀ
- ਸੇਵਾ ਪ੍ਰਦਾਤਾਵਾਂ ਨੂੰ ਵੀ ਉੱਚ ਗੁਣਵੱਤਾ ਵਾਲੀ ਦੇਖਭਾਲ ਅਤੇ ਦੇਖਭਾਲ ਦੇ ਹੋਰ ਨਵੀਨਤਾਕਾਰੀ ਮਾਡਲ ਲਾਗੂ ਕਰਨ ਨਾਲ ਫਾਇਦਾ ਮਿਲੇਗਾ
- ਸੇਵਾ ਪ੍ਰਦਾਤਾ ਵਧੇਰੇ ਥਾਵਾਂ 'ਤੇ ਵਧੇਰੇ ਸੇਵਾਵਾਂ ਉਪਲਬਧ ਕਰਵਾ ਸਕਣਗੇ ਅਤੇ ਦਫ਼ਤਰੀ ਝੰਜਟ ਘੱਟ ਹੋਵੇਗਾ।

## ਰਿਹਾਇਸ਼ੀ ਦੇਖਭਾਲ ਵਿੱਚ ਪਹਿਲਾਂ ਤੋਂ ਰਹਿ ਰਹੇ ਬਜ਼ੁਰਗ ਲੋਕ

ਜੇਕਰ ਤੁਸੀਂ ਪਹਿਲਾਂ ਤੋਂ ਹੀ ਕਿਸੇ ਰਿਹਾਇਸ਼ੀ ਦੇਖਭਾਲ ਘਰ ਵਿੱਚ ਰਹਿ ਰਹੇ ਹੋ, ਤਾਂ ਤੁਹਾਨੂੰ ਇਸ ਤਬਦੀਲੀ ਲਈ ਤਿਆਰੀ ਕਰਨ ਲਈ ਕੁੱਝ ਵੀ ਕਰਨ ਦੀ ਲੋੜ ਨਹੀਂ ਹੈ।

ਜਦੋਂ ਲੋਕਾਂ ਨੂੰ ਬਿਰਧ ਦੇਖਭਾਲ ਸਹੂਲਤ ਵਿੱਚ ਜਗ੍ਹਾਵਾਂ ਨਿਰਧਾਰਤ ਕੀਤੀਆਂ ਜਾਣਗੀਆਂ, ਤਾਂ ਤੁਸੀਂ ਮੁੱਖ ਅੰਤਰ ਇਹ ਦੇਖੋਗੇ ਕਿ ਜੇਕਰ ਤੁਸੀਂ ਚਾਹੁੰਦੇ ਹੋ ਤਾਂ ਤੁਹਾਡੇ ਲਈ ਆਪਣੀ ਪਸੰਦ ਦੇ ਨਵੇਂ ਬਜ਼ੁਰਗ ਦੇਖਭਾਲ ਘਰ ਵਿੱਚ ਜਾਣਾ ਵਧੇਰੇ ਆਸਾਨ ਹੋਵੇਗਾ। ਸਰਕਾਰ ਤੁਹਾਡੇ ਚੁਣੇ ਹੋਏ ਬਿਰਧ ਦੇਖਭਾਲ ਘਰ ਨੂੰ ਤੁਹਾਡੇ ਵੱਲੋਂ ਸਿੱਧੇ ਤੌਰ 'ਤੇ ਪੈਸੇ ਦੇਣਾ ਜਾਰੀ ਰੱਖੇਗੀ।

## ਰਿਹਾਇਸ਼ੀ ਦੇਖਭਾਲ ਸਹੂਲਤ ਵਿੱਚ ਜਾਣ ਦੀ ਯੋਜਨਾ ਬਣਾ ਰਹੇ ਬਜ਼ੁਰਗ ਲੋਕ

ਜਦੋਂ ਤੱਕ ਇਹ ਨਵਾਂ ਕਾਨੂੰਨ ਲਾਗੂ ਨਹੀਂ ਹੁੰਦਾ, ਉਦੋਂ ਤੱਕ ਤੁਹਾਡੇ ਰਿਹਾਇਸ਼ੀ ਦੇਖਭਾਲ ਸੇਵਾਵਾਂ ਲੈਣ ਦੇ ਤਰੀਕੇ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਜੇਕਰ ਤੁਸੀਂ ਰਿਹਾਇਸ਼ੀ ਦੇਖਭਾਲ ਘਰ ਵਿੱਚ ਜਾਣ ਬਾਰੇ ਸੋਚ ਰਹੇ ਹੋ:

- ਤੁਹਾਡੇ ਲਈ ਪਹਿਲਾਂ Aged Care Assessment Team [ਬਿਰਧ ਦੇਖਭਾਲ ਮੁਲਾਂਕਣ ਟੀਮ] ਦੁਆਰਾ ਮੁਲਾਂਕਣ ਕਰਵਾਉਣਾ ਅਤੇ ਰਿਹਾਇਸ਼ੀ ਦੇਖਭਾਲ ਲਈ ਮੰਨਜ਼ੂਰੀ ਲੈਣੀ ਲਾਜ਼ਮੀ ਹੈ।
- ਇੱਕ ਵਾਰ ਮੰਨਜ਼ੂਰੀ ਮਿਲਣ ਤੋਂ ਬਾਅਦ, ਤੁਸੀਂ ਫਿਰ ਜਿਸ ਕੋਲ ਅਸਾਮੀ ਖ਼ਾਲੀ ਹੈ, ਉਸ ਪ੍ਰਦਾਤਾ ਤੋਂ ਰਿਹਾਇਸ਼ੀ ਦੇਖਭਾਲ ਸੇਵਾ ਲੈਣਾ ਸ਼ੁਰੂ ਕਰ ਸਕਦੇ ਹੋ।

## ਸਹਾਇਤਾ ਲੱਭਣਾ

ਅਸੀਂ ਇੱਥੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਦਾ ਸਮਰਥਨ ਅਤੇ ਸਹਾਇਤਾ ਕਰਨ ਲਈ ਹਾਂ ਤਾਂ ਜੋ ਤੁਸੀਂ ਸਮਝ ਸਕੋ ਕਿ ਇਹ ਤਬਦੀਲੀਆਂ ਦਾ ਕੀ ਅਰਥ ਹੈ ਅਤੇ ਤੁਹਾਡੇ ਲਈ ਕਿਹੜੇ ਵਿਕਲਪ ਉਪਲਬਧ ਹਨ।

ਅਸੀਂ ਇਹ ਵੀ ਯਕੀਨੀ ਬਣਾ ਰਹੇ ਹਾਂ ਕਿ ਤੁਹਾਨੂੰ ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਬਾਰੇ ਹੋਰ ਜਾਣਕਾਰੀ ਮਿਲੇ, ਤਾਂ ਜੋ ਤੁਸੀਂ ਆਪਣੇ ਲਈ ਸਹੀ ਦੇਖਭਾਲ ਕਿੱਥੋਂ ਪ੍ਰਾਪਤ ਕਰਨੀ ਹੈ ਇਸ ਬਾਰੇ ਹੋਰ ਚੰਗੇ ਅਤੇ ਜਾਣੂ ਫ਼ੈਸਲੇ ਲੈ ਸਕੋ। ਇਸ ਵਿੱਚ ਵਧੇਰੇ ਪਾਰਦਰਸ਼ੀ ਰਿਹਾਇਸ਼ ਜਾਣਕਾਰੀ ਦੇ ਨਾਲ ਰਿਹਾਇਸ਼ੀ ਦੇਖਭਾਲ ਪ੍ਰਦਾਤਾਵਾਂ ਲਈ Star Ratings [ਸਟਾਰ ਰੇਟਿੰਗਾਂ] ਜਾਰੀ ਕਰਨਾ ਸ਼ਾਮਲ ਹੈ।

My Aged Care ਵੀ ਤੁਹਾਡੀ ਸਹਾਇਤਾ ਕਰਨ ਲਈ ਮੌਜੂਦ ਹੈ।

- ਬਿਰਧ ਦੇਖਭਾਲ ਸੇਵਾਵਾਂ ਤੱਕ ਕਿਵੇਂ ਪਹੁੰਚ ਕਰਨੀ ਹੈ, ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ, My Aged Care ਵੈੱਬਸਾਈਟ 'ਤੇ ਜਾਓ।
- ਤੁਸੀਂ ਮੁਲਾਂਕਣ ਲਈ ਔਨਲਾਈਨ ਅਰਜ਼ੀ ਦੇ ਸਕਦੇ ਹੋ ਅਤੇ ਸਥਾਨਕ ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਦੀ ਖੋਜ ਕਰ ਸਕਦੇ ਹੋ ਜੋ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।
- ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ, ਅਤੇ ਸ਼ਨੀਵਾਰ, ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ **1800 200 422** 'ਤੇ ਫ਼ੋਨ ਕਰ ਸਕਦੇ ਹੋ।

## ਨਵੀਨਤਮ ਜਾਣਕਾਰੀ ਲਈ ਜੁੜੇ ਰਹੋ

ਸਥਾਨਾਂ ਤੋਂ ਲੋਕਾਂ ਵੱਲ – ਰਿਹਾਇਸ਼ੀ ਬਿਰਧ ਦੇਖਭਾਲ ਵਿੱਚ ਚੋਣ ਦੇ ਅਧਿਕਾਰ ਨੂੰ ਸ਼ਾਮਿਲ ਕਰਨਾ ਬਾਰੇ ਹੋਰ ਜਾਣਕਾਰੀ ਅਤੇ ਅਪਡੇਟਸ ਲੈਣ ਲਈ ਸਾਡੀ ਵੈੱਬਸਾਈਟ 'ਤੇ ਜਾਓ।

ਤੁਹਾਡੇ ਕੋਲ ਬਿਰਧ ਦੇਖਭਾਲ ਵਿੱਚ ਹੋ ਰਹੀਆਂ ਤਬਦੀਲੀਆਂ ਬਾਰੇ ਆਪਣੀ ਰਾਏ ਦੇਣ ਦੇ ਕਈ ਮੌਕੇ ਵੀ ਹਨ:

- ਬਜ਼ੁਰਗਾਂ ਲਈ ਸਾਡਾ ਮਾਸਿਕ ਨਿਊਜ਼ਲੈਟਰ *EngAged* ਪ੍ਰਾਪਤ ਕਰਨ ਲਈ ਇੱਥੇ ਸਾਈਨ ਅੱਪ ਕਰੋ: health.gov.au/aged-care-newsletter-subscribe
- ਤਾਜ਼ਾ ਸਲਾਹ-ਮਸ਼ਵਰੇ ਦੇ ਮੌਕਿਆਂ ਅਤੇ ਉਨ੍ਹਾਂ ਦੇ ਨਤੀਜਿਆਂ ਬਾਰੇ ਜਾਣਨ ਲਈ Aged Care Engagement Hub [ਏਜਡ ਕੇਅਰ ਐਂਗੇਜਮੈਂਟ ਹੱਬ] 'ਤੇ ਜਾਓ: AgedCareEngagement.health.gov.au/get-involved।